9
514

ਉਸ ਪ੍ਰੀਤਮ ਨੂੰ

ਜਿਸ ਦੀ ਛੁਹ-ਕਣੀ ਨੇ

ਮੇਰੀ ਆਤਮਾ ਨੂੰ ਜੀਵਨ-ਸਰੂਰ

ਬਖ਼ਸ਼ਿਆ !

108

# ਤਤਕਰਾ


| | |
|---|---|
| ਜਾਣ-ਪਛਾਣ | (ੳ–ਗ) |
| ਪੂਰਬ ਪੱਛਮ | ੧ |
| ਸੁਧਾਰਕ | ੧੯ |
| ਅਨਾਰ ਕਲੀ | ੩੫ |
| ਕੈਦੀ | ੫੫ |
| ਦੇਸ਼-ਪੂਜਾ | ੬੭ |
| ਸ਼ਾਹੀ ਕੈਦੀ | ੭੫ |
| ਗਊ ਦਾਨ | ੯੫ |

# ਜਾਣ-ਪਛਾਣ

ਪੰਜਾਬੀ ਵਿਚ ਇਕ-ਅੰਗੀ ਨਾਟਕ ਕੁਝ ਨਵੀਂ ਜਹੀ ਸ਼ੈ ਹੈ। ਪੰਜਾਬੀ ਤਾਂ ਕੀ, ਉਰਦੂ ਤੇ ਹਿੰਦੀ ਵਿਚ ਵੀ ਇਹ ਬੱਚਾ ਹਾਲਾਂ ਤੁਤਲਾਣਾ ਸਿਖ ਰਿਹਾ ਹੈ। ਇਸ ਬੱਚੇ ਦਾ ਸਰੀਰ ਹਾਲਾਂ ਚੰਗੀ ਤਰ੍ਹਾਂ ਭਰ ਨਹੀਂ ਸਕਿਆ ਤੇ ਪੱਛਮ ਪਾਸੋਂ ਲਏ ਗੜ੍ਹੀਰੇ ਦੇ ਸਹਾਰੇ ਤੁਰਨ ਦਾ ਅਭਿਆਸ ਕਰ ਰਿਹਾ ਹੈ।

ਆਪਣੇ ਕਹਾਣੀ-ਸੰਗ੍ਰਹਿ 'ਮਾਨ ਸਰੋਵਰ' ਦੇ ਮੁਖ-ਬੰਧ ਵਿਚ ਹਿੰਦੀ ਦੇ ਪ੍ਰਸਿਧ ਕਹਾਣੀ-ਲੇਖਕ ਸ੍ਵਰਗੀ ਪ੍ਰੇਮ ਚੰਦਰ ਨੇ ਲਿਖਿਆ ਹੈ :–

"ਸਾਨੂੰ ਇਹ ਪਰਵਾਨ ਕਰਨੋਂ ਸੰਕੋਚ ਨਹੀਂ ਕਰਨਾ ਚਾਹੀਦਾ ਕਿ ਨਾਵਲ ਵਾਂਗ ਕਹਾਣੀ ਦੀ ਕਲਾ ਵੀ ਅਸਾਂ ਪੱਛਮ ਪਾਸੋਂ ਉਧਾਰੀ ਲਈ ਹੈ। ਘਟ ਤੋਂ ਘਟ ਇਸ ਦਾ ਅਜ ਵਾਲਾ ਰੂਪ ਤਾਂ ਪੱਛਮੀ ਹੀ ਹੈ।"

ਇਹੋ ਗਲ ਜੇਕਰ ਮੈਂ ਇਕ-ਅੰਗੀ ਨਾਟਕ ਬਾਰੇ ਆਖਾਂ ਤਾਂ ਵਾਧੂ ਨਹੀਂ ਹੋਵੇਗਾ। ਇਕ-ਅੰਗੀ ਨਾਟਕ ਲਿਖਣ ਦੀ ਜਿਹੜੀ ਪ੍ਰੇਰਨਾ ਸਾਨੂੰ ਹੁਣੇ ਹੁਣੇ ਮਿਲੀ ਹੈ, ਉਸ ਦਾ ਸੋਮਾ ਸੰਸਕ੍ਰਿਤ ਦੇ ਪੁਰਾਣੇ ਇਕ-ਅੰਕੀ ਨਾਟਕ ਨਹੀਂ, ਸਗੋਂ ਪੱਛਮ ਦੇ ਇਕ-ਅੰਗੀ ਨਾਟਕ ਹੀ ਹਨ।

ਸੰਸਕ੍ਰਿਤ ਵਿਚ ਇਕ-ਅੰਕੀ ਨਾਟਕ ਹੈਸਨ ਜ਼ਰੂਰ। ਭਾਰਤ ਦੇ ਸੁਨਹਿਰੀ ਜੁਗ ਵਿਚ ਜਿਥੇ ਕਲਾ ਦੇ ਦੂਜੇ ਜ਼ਰੂਰੀ ਅੰਗਾਂ ਦਾ ਵਿਕਾਸ਼ ਹੋਇਆ ਸੀ, ਉਥੇ ਇਕ-ਅੰਕੀ ਨਾਟਕ ਵੀ ਉੱਨਤੀ ਦੇ ਸਿਖਰ ਉਤੇ ਸੀ। ਰੰਗ-ਭੂਮੀ ਉਤੇ ਇਕ-ਅੰਕੀ ਨਾਟਕ ਖੇਡੇ ਜਾਂਦੇ ਸਨ ਤੇ ਇਨ੍ਹਾਂ ਦੀ ਆਪਣੀ ਕਲਾ ਸੀ। ਸੰਸਕ੍ਰਿਤ ਦੇ ਪ੍ਰਸਿਧ ਗ੍ਰੰਥ ਸਾਹਿਤ-ਦਰਪਣ ਵਿਚ ਦ੍ਰਿਸ਼ਯ ਕਾਵਿ ਦੇ ਦੋ ਭੇਦ ਦਸੇ ਗਏ ਹਨ—ਰੂਪਕ ਤੇ ਉਪਰੂਪਕ। ਇਨ੍ਹਾਂ ਵਿਚ ਭਾਣ ਤੇ ਵਿਆਯੋਗ ਇਕ-ਅੰਕੀ ਦੇ ਹੀ ਦੋ ਪ੍ਰਸਿਧ ਰੂਪ ਹਨ। ਇਸ ਤੋਂ ਛੁਟ ਉਪਰੂਪਕ ਦੇ ਬਾਰ੍ਹਾਂ ਭੇਦਾਂ ਵਿਚ ਵੀ ਵਧੀਕ ਕਰ ਕੇ ਇਕ-ਅੰਕੀ ਦੇ ਹੀ ਵਖੋ-ਵੱਖ ਰੂਪ ਹਨ।

ਅਭਾਗ ਵਸ ਅਨੇਕ ਕਾਰਨਾਂ ਕਰ ਕੇ ਜੀਵਨ ਦੇ ਦੂਜੇ ਵਹਿਣਾਂ ਵਾਂਗ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.